# ਛੱੜਿਆ ਦੀ ਅੱਰਜ

---

ਛੱੜਿਆ ਦੀ ਅੱਰਜ ਸੁਣ ਤੂੰ ਰੱਬਾ,
ਵਿੱਆਹ ਕਰਵਾਉਣ ਨੂੰ ਚਿੱਤ ਬੜਾ ਕਰਦਾ ।

ਇੱਕ ਰੰਨ ਦਈ ਵੇ ਰੱਬਾ,
ਨਾਲ ਨੱਚਣ ਨੂੰ ਬੜਾ ਚਿੱਤ ਕਰਦਾ ।।
ਭਾਬੀਆ-ਭਰਜਾਈਆ ਭਾਵੇ ਲੱਖ ਹੋਣ,
ਰੰਨ ਬਿੰਨਾ ਵਿੱਹੜਾ ਨਹੀ ਸੱਜਦਾ ।।

ਛੱੜਿਆ ਦੀ ਅੱਰਜ ਸੁਣ ਤੂੰ ਰੱਬਾ,
ਵਿੱਆਹ ਕਰਵਾਉਣ ਨੂੰ ਚਿੱਤ ਬੜਾ ਕਰਦਾ ।

ਇੱਕ ਰੰਨ ਦਈ ਵੇ ਰੱਬਾ,
ਘਰ ਦੀ ਰੋਟੀ ਖਾਣ ਨੂੰ ਬੜਾ ਚਿਤ ਕਰਦਾ ।।
ਢਾਬੇ ਉਤੇ ਪੱਕੀਆ ਭਾਵੇ ਲੱਖ ਹੋਣ,
ਰੰਨ ਦੀ ਰੋਟੀ ਬਿਨਾ ਤੰਨ-ਮੰਨ ਨਹੀ ਭਰਦਾ ।।

ਛੱੜਿਆ ਦੀ ਅੱਰਜ ਸੁਣ ਤੂੰ ਰੱਬਾ,
ਵਿੱਆਹ ਕਰਵਾਉਣ ਨੂੰ ਚਿੱਤ ਬੜਾ ਕਰਦਾ ।

ਇੱਕ ਰੰਨ ਦਈ ਵੇ ਰੱਬਾ,
ਬੱਚੇ ਘਰ ਚ' ਦੇਖਣ ਨੂੰ ਬੜਾ ਚਿਤ ਕਰਦਾ ।।
ਸਕੂਲ ਚ' ਬੱਚੇ ਕੁਟੇ ਭਾਵੇ ਲੱਖ ਹੋਣ,
ਘਰ ਚ' ਬੱਚੇ ਕੁਟੇ ਬਿਨਾ ਮੰਨ ਨਹੀ ਭਰਦਾ ।।

ਛੱੜਿਆ ਦੀ ਅੱਰਜ ਸੁਣ ਤੂੰ ਰੱਬਾ,
ਵਿੱਆਹ ਕਰਵਾਉਣ ਨੂੰ ਚਿੱਤ ਬੜਾ ਕਰਦਾ ।

ਇੱਕ ਰੰਨ ਦਈ ਵੇ ਰੱਬਾ,
ਘਰ ਦਾ ਦੁਧ ਪੀਣ ਨੂੰ ਬੜਾ ਚਿਤ ਕਰਦਾ ।।
ਭਾਬੀਆ-ਭਰਜਾਈਆ ਕੋਲ ਮੱਝਾ ਭਾਵੇ ਲੱਖ ਹੋਣ,
ਘਰ ਦੇ ਦਹੀ-ਦੁਧ ਬਿਨਾ ਛੰਨਾ ਨਹੀ ਭਰਦਾ ।।

ਛੱੜਿਆ ਦੀ ਅੱਰਜ ਸੁਣ ਤੂੰ ਰੱਬਾ,
ਵਿੱਆਹ ਕਰਵਾਉਣ ਨੂੰ ਚਿੱਤ ਬੜਾ ਕਰਦਾ ।

ਇੱਕ ਰੰਨ ਦਈ ਵੇ ਰੱਬਾ,
ਛੱੜਿਆ ਤੇ ਤੂੰ ਰਹਿੰਮਤ ਕਿਉ ਨਹੀ ਕਰਦਾ ।।
ਹੋਰ ਕੀਤੀਆ ਤੂੰ ਰਹਿਮਤਾ ਭਾਵੇ ਲੱਖ ਹੋਣ,
ਘਰਵਾਲੀ ਬਿਨਾ ਛੱੜਿਆ ਦਾ ਚੁੱਲਾ ਨਹੀ ਬੱਲਦਾ ।।

ਛੱੜਿਆ ਦੀ ਅੱਰਜ ਸੁਣ ਤੂੰ ਰੱਬਾ,
ਵਿੱਆਹ ਕਰਵਾਉਣ ਨੂੰ ਚਿੱਤ ਬੜਾ ਕਰਦਾ ।

ਇੱਕ ਰੰਨ ਦਈ ਵੇ ਰੱਬਾ,
ਦੱਰਦੀਆ ਦਾ ਦੱਰਦ ਘੱਟ ਤੂੰ ਕਿਉ ਨਹੀ ਕਰਦਾ ।।
Sarjinder ਕਹਿਦਾ ਹੋਰ ਦੱਰਦ ਭਾਵੇ ਲੱਖ ਹੋਣ,
ਘਰਵਾਲੀ ਵਾਲੇ ਦੱਰਦ ਦਾ ਇਲਾਜ ਕੋਈ ਨਹੀ ਕਰਦਾ ।।

ਛੱੜਿਆ ਦੀ ਅੱਰਜ ਸੁਣ ਤੂੰ ਰੱਬਾ,
ਵਿੱਆਹ ਕਰਵਾਉਣ ਨੂੰ ਚਿੱਤ ਬੜਾ ਕਰਦਾ ।

---


Written by: Dr. Sarjinder Singh, Assistant Professor, St. Cloud State University, St. Cloud, MN, USA
Note: All opinions are of author's own.